ਯੂਰਪ ਦੇ ਅੰਦਰ ਮੱਧ-ਪੂਰਬ 'ਚ ਛਿੜੀ ਜੰਗ ਨੂੰ ਲੈ ਕੇ ਦਿਖਾਈ ਦੇ ਰਹੀ ਹੈ ਵੱਖ-ਵੱਖ ਰਣਨੀਤੀ

ਈਰਾਨ ਜੰਗ ਨੇ ਵਿਗਾੜੇ ਅਮਰੀਕਾ-ਯੂਰਪ ਦੇ ਰਿਸ਼ਤੇ

ਟਰੰਪ ਤੋਂ ਦੂਰੀ ਬਣਾਉਣ ਲੱਗੇ ਯੂਰਪੀ ਨੇਤਾ

ਵਾਸ਼ਿੰਗਟਨ/ਲੰਡਨ, 6 ਮਾਰਚ (ਇੰਟ.)–ਈਰਾਨ ਨੂੰ ਲੈ ਕੇ ਵਧਦੇ ਫੌਜੀ ਤਣਾਅ ਨੇ ਅਮਰੀਕਾ ਅਤੇ ਯੂਰਪ ਦੇ ਰਿਸ਼ਤਿਆਂ 'ਚ ਨਵੀਂ ਦਰਾਰ ਪੈਦਾ ਕਰ ਦਿੱਤੀ ਹੈ। ਪਿਛਲੇ ਇਕ ਸਾਲ ਤੋਂ ਜ਼ਿਆਦਾਤਰ ਯੂਰਪੀ ਨੇਤਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਨਾਰਾਜ਼ ਕਰਨ ਤੋਂ ਬਚਦੇ ਰਹੇ ਪਰ ਈਰਾਨ ਸੰਘਰਸ਼ ਨੇ ਅਮਰੀਕਾ-ਯੂਰਪ ਦੇ ਰਿਸ਼ਤਿਆਂ 'ਚ ਕੁੜੱਤਣ ਭਰ ਦਿੱਤੀ ਹੈ।

ਈਰਾਨ ਹਮਲੇ ਨੂੰ ਲੈ ਕੇ ਹੁਣ ਯੂਰਪੀਨ ਯੂਨੀਅਨ ਦੇ ਦੇਸ਼ ਖੁੱਲ੍ਹ ਕੇ ਬੋਲਣ ਲੱਗੇ ਹਨ। ਬ੍ਰਿਟੇਨ ਅਤੇ ਸਪੇਨ ਨੇ ਅਮਰੀਕੀ ਹਮਲੇ ਨੂੰ ਜਿੱਥੇ ਗੈਰ-ਕਾਨੂੰਨੀ ਅਤੇ ਨਾਸਮਝੀ ਭਰਿਆ ਦੱਸਿਆ ਹੈ, ਉੱਥੇ ਹੀ ਦੂਜੇ ਪਾਸੇ ਯੂਰਪ ਦੇ ਅੰਦਰ ਮੱਧ-ਪੂਰਬ 'ਚ ਛਿੜੀ ਇਸ ਜੰਗ ਨੂੰ ਲੈ ਕੇ ਵੱਖ-ਵੱਖ ਰਣਨੀਤੀ ਦਿਖਾਈ ਦੇ ਰਹੀ ਹੈ।

ਬੈਰੂਤ : ਇਜ਼ਰਾਈਲੀ ਹਮਲੇ ਤੋਂ ਬਾਅਦ ਉੱਠਦਾ ਧੂੰਏਂ ਦਾ ਗੁਬਾਰ।

ਸਪੇਨ ਨੇ ਕਿਉਂ ਕੀਤਾ ਖੁੱਲ੍ਹਾ ਵਿਰੋਧ

ਸਪੇਨ ਦੇ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਨੇ ਅਮਰੀਕੀ ਨੀਤੀ ਦੀ ਸਖਤ ਆਲੋਚਨਾ ਕਰਦੇ ਹੋਏ ਕਿਹਾ ਕਿ ਦੁਨੀਆ ਦੇ ਲੱਖਾਂ ਲੋਕਾਂ ਦੀ ਕਿਸਮਤ ਨਾਲ 'ਰੂਸੀ ਰੂਲੇਟ' ਨਹੀਂ ਖੇਡਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਸੰਘਰਸ਼ 'ਚ ਸ਼ਾਮਲ ਸਾਰੀਆਂ ਸ਼ਕਤੀਆਂ ਨੂੰ ਤੁਰੰਤ ਦੁਸ਼ਮਣੀ ਖਤਮ ਕਰਨੀ ਚਾਹੀਦੀ ਹੈ।

ਸਪੇਨ ਨੇ ਅਮਰੀਕਾ ਨੂੰ ਆਪਣੇ ਫੌਜੀ ਟਿਕਾਣਿਆਂ ਦੀ ਵਰਤੋਂ ਈਰਾਨ 'ਤੇ ਹਮਲੇ ਲਈ ਕਰਨ ਦੀ ਮਨਜ਼ੂਰੀ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਸੀ, ਜਿਸ ਤੋਂ ਬਾਅਦ ਟਰੰਪ ਨੇ ਸਪੇਨ ਨਾਲ ਵਪਾਰ ਰੋਕਣ ਦੀ ਧਮਕੀ ਤੱਕ ਦੇ ਦਿੱਤੀ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੇ ਦਾਅਵਾ ਕੀਤਾ ਕਿ ਸਪੇਨ ਅਮਰੀਕੀ ਫੌਜ ਨਾਲ ਸਹਿਯੋਗ ਕਰਨ ਲਈ ਸਹਿਮਤ ਹੋ ਗਿਆ ਹੈ। ਹਾਲਾਂਕਿ ਸਪੇਨ ਦੀ ਸਰਕਾਰੀ ਬੁਲਾਰਾ ਅਲੈਗਜ਼ੈਂਡਰਾ ਗਿੱਲ ਨੇ ਇਸ ਦਾਅਵੇ ਨੂੰ ਇਕ ਸ਼ਬਦ 'ਚ ਖਾਰਜ ਕਰਦੇ ਹੋਏ ਝੂਠਾ ਦੱਸਿਆ।

ਤੇਲ ਅਵੀਵ : ਈਰਾਨੀ ਹਮਲੇ ਕਾਰਨ ਨੁਕਸਾਨੀ ਗਈ ਬਹੁ-ਮੰਜ਼ਿਲੀ ਇਮਾਰਤ।

ਯੂਰਪ ਦੇ ਅੰਦਰ ਕਿਉਂ ਹਨ ਮਤਭੇਦ

ਈਰਾਨ ਸੰਕਟ 'ਤੇ ਯੂਰਪ ਪੂਰੀ ਤਰ੍ਹਾਂ ਇਕਮਤ ਨਹੀਂ ਹੈ। ਜਰਮਨੀ ਵਰਗੇ ਕੁਝ ਦੇਸ਼ਾਂ ਨੇ ਮੁਕਾਬਲਤਨ ਨਰਮ ਰੁਖ਼ ਅਪਣਾਇਆ ਹੈ। ਜਰਮਨ ਚਾਂਸਲਰ ਫ੍ਰੈਡਰਿਕ ਮਰਜ਼ ਨੇ ਅਮਰੀਕਾ ਅਤੇ ਇਜ਼ਰਾਈਲ ਦੇ ਫੌਜੀ ਹਮਲਿਆਂ ਨੂੰ ਈਰਾਨ ਅਤੇ ਦੁਨੀਆ ਲਈ ਚੰਗੀ ਖ਼ਬਰ ਦੱਸਿਆ ਅਤੇ ਸਹਿਯੋਗੀਆਂ ਦੀ ਆਲੋਚਨਾ ਕਰਨ ਤੋਂ ਇਨਕਾਰ ਕਰ ਦਿੱਤਾ। ਹਾਲਾਂਕਿ ਯੂਰਪ ਦੀ ਇਸ ਸਾਵਧਾਨੀ ਦੇ ਪਿੱਛੇ ਸਪਸ਼ਟ ਕਾਰਨ ਹਨ। ਰੂਸ ਦੀ ਵਧਦੀ ਦੁਸ਼ਮਣੀ ਦੇ ਦਰਮਿਆਨ ਸੁਰੱਖਿਆ ਲਈ ਯੂਰਪ ਕਾਫੀ ਹੱਦ ਤੱਕ ਅਮਰੀਕਾ 'ਤੇ ਨਿਰਭਰ ਹੈ। ਊਰਜਾ ਸਪਲਾਈ ਅਤੇ ਬਰਾਮਦ ਬਾਜ਼ਾਰ ਦੇ ਲਿਹਾਜ਼ ਨਾਲ ਵੀ ਅਮਰੀਕਾ ਯੂਰਪੀ ਅਰਥਵਿਵਸਥਾਵਾਂ ਲਈ ਬੇਹੱਦ ਅਹਿਮ ਬਣਿਆ ਹੋਇਆ ਹੈ।

ਫਰਾਂਸ ਨੇ ਪ੍ਰਗਟਾਇਆ ਕਾਨੂੰਨੀ ਇਤਰਾਜ਼

ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਨੇ ਕਿਹਾ ਕਿ ਅਮਰੀਕੀ ਹਮਲਾ ਅੰਤਰਰਾਸ਼ਟਰੀ ਕਾਨੂੰਨ ਦੇ ਅਨੁਸਾਰ ਨਹੀਂ ਹੈ ਪਰ ਉਨ੍ਹਾਂ ਨੇ ਅਮਰੀਕਾ ਦੀ ਖੁੱਲ੍ਹੀ ਨਿੰਦਾ ਕਰਨ ਤੋਂ ਪਰਹੇਜ਼ ਕੀਤਾ। ਇਸ ਦੇ ਉਲਟ ਆਇਰਲੈਂਡ ਅਤੇ ਨਾਰਵੇ ਵਰਗੇ ਦੇਸ਼ਾਂ ਨੇ ਜ਼ਿਆਦਾ ਮੁਖਰ ਵਿਰੋਧ ਦਰਜ ਕਰਾਇਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਯੂਰਪ ਦੀ ਕੋਸ਼ਿਸ਼ ਹੋਵੇਗੀ ਕਿ ਅਮਰੀਕਾ ਨੂੰ ਇਸ ਸੰਘਰਸ਼ ਨੂੰ ਜਲਦੀ ਸਮਾਪਤ ਕਰਨ ਲਈ ਪ੍ਰੇਰਿਤ ਕੀਤਾ ਜਾਵੇ।

ਜੇਕਰ ਜੰਗ ਲੰਬੀ ਖਿੱਚਦੀ ਹੈ ਤਾਂ ਊਰਜਾ ਕੀਮਤਾਂ 'ਚ ਵਾਧਾ, ਅੱਤਵਾਦ ਅਤੇ ਮੱਧ-ਪੂਰਬ ਤੋਂ ਹਿਜਰਤ ਦੀ ਨਵੀਂ ਲਹਿਰ ਯੂਰਪ ਦੀਆਂ ਅਰਥਵਿਵਸਥਾਵਾਂ 'ਤੇ ਗੰਭੀਰ ਦਬਾਅ ਪਾ ਸਕਦੀ ਹੈ। ਬ੍ਰਿਟੇਨ 'ਚ ਵੀ ਘਰੇਲੂ ਰਾਜਨੀਤੀ ਇਸ ਰੁਖ਼ ਨੂੰ ਪ੍ਰਭਾਵਿਤ ਕਰ ਰਹੀ ਹੈ। ਪ੍ਰਧਾਨ ਮੰਤਰੀ ਸਟਾਰਮਰ 'ਤੇ ਉਨ੍ਹਾਂ ਦੀ ਲੇਬਰ ਪਾਰਟੀ ਦੇ ਖੱਬੇਪੱਖੀ ਧੜੇ ਦਾ ਦਬਾਅ ਹੈ, ਜੋ ਜੰਗ ਦੇ ਖ਼ਿਲਾਫ ਹੈ। ਜਨਮਤ ਸਰਵੇਖਣਾਂ 'ਚ ਵੀ ਈਰਾਨ 'ਤੇ ਹਮਲੇ ਨੂੰ ਲੈ ਕੇ ਜਨਤਾ 'ਚ ਉਤਸ਼ਾਹ ਘੱਟ ਦਿਖਾਈ ਦੇ ਰਿਹਾ ਹੈ।

ਇਰਾਕ ਜੰਗ ਦੀਆਂ ਯਾਦਾਂ ਅਜੇ ਵੀ ਤਾਜ਼ਾ

2003 ਦੇ ਇਰਾਕ ਜੰਗ ਦੀਆਂ ਯਾਦਾਂ ਵੀ ਬ੍ਰਿਟਿਸ਼ ਰਾਜਨੀਤੀ 'ਚ ਅਜੇ ਤੱਕ ਤਾਜ਼ਾ ਹਨ। ਉਸ ਸਮੇਂ ਤਤਕਾਲੀ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਅਮਰੀਕਾ ਨਾਲ ਮਿਲ ਕੇ ਇਰਾਕ 'ਤੇ ਹਮਲਾ ਕੀਤਾ ਸੀ ਅਤੇ ਹਜ਼ਾਰਾਂ ਬ੍ਰਿਟਿਸ਼ ਫੌਜੀਆਂ ਨੂੰ ਜੰਗ 'ਚ ਭੇਜਿਆ ਸੀ। ਇਹ ਫੈਸਲਾ ਬਾਅਦ 'ਚ ਉਨ੍ਹਾਂ ਦੀ ਰਾਜਨੀਤਿਕ ਵਿਰਾਸਤ 'ਤੇ ਵੱਡਾ ਧੱਬਾ ਮੰਨਿਆ ਗਿਆ।

ਬ੍ਰਿਟੇਨ ਨੇ ਵੀ ਜੰਗ ਤੋਂ ਬਣਾਈ ਦੂਰੀ

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸੰਸਦ 'ਚ ਸਪਸ਼ਟ ਕੀਤਾ ਕਿ ਯੂਨਾਈਟਿਡ ਕਿੰਗਡਮ ਓਦੋਂ ਤੱਕ ਜੰਗ 'ਚ ਸ਼ਾਮਲ ਨਹੀਂ ਹੋਵੇਗਾ ਜਦੋਂ ਤੱਕ ਉਹ ਅੰਤਰਰਾਸ਼ਟਰੀ ਕਾਨੂੰਨ ਦੇ ਅਨੁਸਾਰ ਨਾ ਹੋਵੇ ਅਤੇ ਉਸ ਦੇ ਪਿੱਛੇ ਕੋਈ ਸਪਸ਼ਟ ਤੇ ਵਿਵਹਾਰਕ ਰਣਨੀਤੀ ਨਾ ਹੋਵੇ। ਉਨ੍ਹਾਂ ਕਿਹਾ ਕਿ ਬਿਨਾਂ ਕਿਸੇ "ਐਂਡਗੇਮ" ਦੇ ਸ਼ੁਰੂ ਕੀਤਾ ਗਿਆ ਫੌਜੀ ਮੁਹਿੰਮ ਖ਼ਤਰਨਾਕ ਸਾਬਤ ਹੋ ਸਕਦੀ ਹੈ ਅਤੇ ਸਿਰਫ ਹਵਾਈ ਹਮਲਿਆਂ ਨਾਲ ਕਿਸੇ ਦੇਸ਼ 'ਚ ਸੱਤਾ ਪਰਿਵਰਤਨ ਸੰਭਵ ਨਹੀਂ ਹੈ।

'ਵਿਸ਼ੇਸ਼ ਸਬੰਧ' 'ਤੇ ਉੱਠੇ ਨਵੇਂ ਸਵਾਲ

ਈਰਾਨ ਸੰਕਟ ਤੋਂ ਬਾਅਦ ਹੁਣ ਅਮਰੀਕਾ ਅਤੇ ਬ੍ਰਿਟੇਨ ਵਿਚਕਾਰ ਲੰਬੇ ਸਮੇਂ ਤੋਂ ਚਲੇ ਆ ਰਹੇ ਵਿਸ਼ੇਸ਼ ਸਬੰਧਾਂ 'ਤੇ ਵੀ ਬਹਿਸ ਤੇਜ਼ ਹੋ ਗਈ ਹੈ। ਹਾਲਾਂਕਿ ਸਟਾਰਮਰ ਦਾ ਕਹਿਣਾ ਹੈ ਕਿ ਇਹ ਰਿਸ਼ਤਾ ਕਿਸੇ ਇਕ ਨੇਤਾ ਦੇ ਬਿਆਨ ਨਾਲ ਨਹੀਂ, ਸਗੋਂ ਦੋਵਾਂ ਦੇਸ਼ਾਂ ਵਿਚਕਾਰ ਫੌਜੀ ਸਹਿਯੋਗ ਅਤੇ ਖੁਫੀਆ ਸਾਂਝੇਦਾਰੀ ਨਾਲ ਤੈਅ ਹੁੰਦਾ ਹੈ। ਵਿਸ਼ਲੇਸ਼ਕਾਂ ਅਨੁਸਾਰ ਈਰਾਨ ਸੰਘਰਸ਼ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਟਰੰਪ ਦੇ ਦੌਰ 'ਚ ਅਟਲਾਂਟਿਕ ਗੱਠਜੋੜ ਦੇ ਅੰਦਰ ਮਤਭੇਦ ਪਹਿਲਾਂ ਨਾਲੋਂ ਕਿਤੇ ਵੱਧ ਖੁੱਲ੍ਹ ਕੇ ਸਾਹਮਣੇ ਆ ਰਹੇ ਹਨ।

ਈਰਾਨ ਨੇ ਭਾਰਤ ਤੋਂ ਪਰਤ ਰਹੇ 'ਨਿਹੱਥੇ' ਜਹਾਜ਼ 'ਤੇ ਅਮਰੀਕੀ ਹਮਲੇ ਦੀ ਨਿੰਦਾ ਕੀਤੀ

ਨਵੀਂ ਦਿੱਲੀ, 6 ਮਾਰਚ (ਭਾਸ਼ਾ)–ਅਮਰੀਕੀ ਪਣਡੁੱਬੀ ਵੱਲੋਂ ਸ਼੍ਰੀਲੰਕਾ ਦੇ ਤੱਟ ਦੇ ਕੋਲ ਇਕ ਈਰਾਨੀ ਜੰਗੀ ਜਹਾਜ਼ ਨੂੰ ਡੋਬੇ ਜਾਣ ਦੇ 2 ਦਿਨ ਬਾਅਦ ਈਰਾਨ ਨੇ ਸ਼ੁੱਕਰਵਾਰ ਨੂੰ ਚਿਤਾਵਨੀ ਦਿੱਤੀ ਕਿ 'ਨਿਹੱਥੇ' ਜਹਾਜ਼ 'ਤੇ ਹਮਲੇ ਦੀ ਸਜ਼ਾ ਜ਼ਰੂਰ ਦਿੱਤੀ ਜਾਵੇਗੀ। ਈਰਾਨ ਦਾ ਫ੍ਰਿਗੇਟ 'ਆਈ. ਆਰ. ਆਈ. ਐੱਸ. ਦੇਨਾ' ਭਾਰਤ ਵੱਲੋਂ ਆਯੋਜਿਤ ਬਹੁਪੱਖੀ ਸਮੁੰਦਰੀ ਫੌਜ ਅਭਿਆਸ 'ਮਿਲਨ' 'ਚ ਹਿੱਸਾ ਲੈਣ ਤੋਂ ਬਾਅਦ ਸਵਦੇਸ਼ ਪਰਤ ਰਿਹਾ ਸੀ। ਇਸ ਹਮਲੇ 'ਚ ਘੱਟੋ-ਘੱਟ 87 ਈਰਾਨੀ ਮਲਾਹਾਂ ਦੀ ਮੌਤ ਹੋ ਗਈ। ਇਹ ਘਟਨਾ ਫਾਰਸ ਦੀ ਖਾੜੀ ਦੇ ਬਾਹਰ ਅਮਰੀਕਾ-ਈਰਾਨ ਸੰਘਰਸ਼ ਦੇ ਇਕ ਵੱਡੇ ਵਿਸਥਾਰ ਦੇ ਰੂਪ 'ਚ ਦੇਖੀ ਜਾ ਰਹੀ ਹੈ। ਭਾਰਤ ਯਾਤਰਾ 'ਤੇ ਆਏ ਈਰਾਨ ਦੇ ਉਪ ਵਿਦੇਸ਼ ਮੰਤਰੀ ਸਈਦ ਖਤੀਬਜ਼ਾਦੇਹ ਨੇ ਕਿਹਾ ਕਿ ਆਈ. ਆਰ. ਆਈ. ਐੱਸ. ਦੇਨਾ ਜੰਗ ਦੀ ਸਥਿਤੀ 'ਚ ਨਹੀਂ ਸੀ ਅਤੇ ਮਿਲਨ ਸਮੁੰਦਰੀ ਫੌਜ ਅਭਿਆਸ ਤੋਂ ਪਰਤ ਰਿਹਾ ਸੀ। ਉਨ੍ਹਾਂ ਕਿਹਾ ਕਿ ਅਮਰੀਕਾ ਦੀ ਇਹ ਕਾਰਵਾਈ ਅੰਤਰਰਾਸ਼ਟਰੀ ਕਾਨੂੰਨ ਦੀ ਗੰਭੀਰ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਇਹ ਬੇਹੱਦ ਦੁਖਦਾਈ ਅਤੇ ਮੰਦਭਾਗੀ ਘਟਨਾ ਹੈ।

ਫ਼ਾਰਸ ਦੀ ਖਾੜੀ ਵਿਚ 52 ਫਰਾਂਸੀਸੀ ਜਹਾਜ਼ ਫਸੇ

ਫਰਾਂਸ ਦੇ ਟਰਾਂਸਪੋਰਟ ਮੰਤਰੀ ਨੇ ਦੱਸਿਆ ਕਿ ਈਰਾਨ ਜੰਗ ਕਾਰਨ ਫ਼ਾਰਸ ਦੀ ਖਾੜੀ ਵਿਚ 52 ਫਰਾਂਸੀਸੀ ਜਹਾਜ਼ ਫਸੇ ਹੋਏ ਹਨ ਅਤੇ 8 ਜਹਾਜ਼ ਲਾਲ ਰੈੱਡ ਸੀ ਵਿਚ ਰੁਕੇ ਹੋਏ ਹਨ। ਇਲਾਕੇ ਵਿਚ ਵਧਦੇ ਤਣਾਅ ਕਾਰਨ ਜਹਾਜ਼ ਅੱਗੇ ਨਹੀਂ ਵਧ ਪਾ ਰਹੇ ਹਨ। ਫਰਾਂਸ ਸਰਕਾਰ ਜਹਾਜ਼ਾਂ 'ਤੇ ਮੌਜੂਦ ਕਰੂ ਦੇ ਨਾਲ ਲਗਾਤਾਰ ਸੰਪਰਕ ਵਿਚ ਹੈ ਕਿਉਂਕਿ ਕਈ ਜਹਾਜ਼ਾਂ 'ਤੇ ਫਰਾਂਸੀਸੀ ਮਲਾਹ ਵੀ ਸਵਾਰ ਹਨ। ਫਰਾਂਸ ਹੁਣ ਇਸ ਖੇਤਰ 'ਚ ਜਹਾਜ਼ਾਂ ਦੀ ਸੁਰੱਖਿਆ ਲਈ ਦੂਜੇ ਦੇਸ਼ਾਂ ਨਾਲ ਮਿਲ ਕੇ ਕਦਮ ਚੁੱਕਣ ਦੀ ਕੋਸ਼ਿਸ਼ ਕਰ ਰਿਹਾ ਹੈ।

ਈਰਾਨ ਬੋਲਿਆ–ਕੁਝ ਦੇਸ਼ ਵਿਚੋਲਗੀ ਦੀਆਂ ਕੋਸ਼ਿਸ਼ਾਂ 'ਚ ਜੁਟੇ

ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਕਿਹਾ ਹੈ ਕਿ ਕੁਝ ਦੇਸ਼ਾਂ ਨੇ ਮੌਜੂਦਾ ਖੇਤਰੀ ਤਣਾਅ ਨੂੰ ਖਤਮ ਕਰਨ ਲਈ ਵਿਚੋਲਗੀ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਈਰਾਨ ਖੇਤਰ ਵਿਚ ਸਥਾਈ ਸ਼ਾਂਤੀ ਲਈ ਵਚਨਬੱਧ ਹੈ। ਪੇਜ਼ੇਸ਼ਕੀਅਨ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਿਚ ਕਿਹਾ ਕਿ ਕੁਝ ਦੇਸ਼ਾਂ ਨੇ ਟਕਰਾਅ ਨੂੰ ਘਟਾਉਣ ਲਈ ਵਿਚੋਲਗੀ ਦੇ ਯਤਨ ਸ਼ੁਰੂ ਕੀਤੇ ਹਨ, ਹਾਲਾਂਕਿ ਉਨ੍ਹਾਂ ਇਹ ਨਹੀਂ ਦੱਸਿਆ ਕਿ ਇਨ੍ਹਾਂ ਕੋਸ਼ਿਸ਼ਾਂ ਵਿਚ ਕਿਹੜੇ-ਕਿਹੜੇ ਦੇਸ਼ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਵਿਚੋਲਗੀ ਦੇ ਯਤਨਾਂ ਵਿਚ ਉਨ੍ਹਾਂ ਦੇਸ਼ਾਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਈਰਾਨੀ ਲੋਕਾਂ ਨੂੰ ਘੱਟ ਸਮਝਿਆ ਅਤੇ ਇਸ ਸੰਘਰਸ਼ ਨੂੰ ਭੜਕਾਇਆ।

ਖਾਮੇਨੇਈ ਦਾ ਅੰਡਰਗਰਾਊਂਡ ਬੰਕਰ ਤਬਾਹ

ਇਜ਼ਰਾਈਲ ਨੇ ਕਿਹਾ ਹੈ ਕਿ ਉਸ ਨੇ ਤਹਿਰਾਨ ਵਿਚ ਅਯਾਤੁੱਲਾ ਅਲੀ ਖਾਮੇਨੇਈ ਨਾਲ ਜੁੜੇ ਇਕ ਅੰਡਰਗਰਾਊਂਡ ਬੰਕਰ ਨੂੰ ਹਵਾਈ ਹਮਲੇ ਵਿਚ ਤਬਾਹ ਕਰ ਦਿੱਤਾ ਹੈ। ਇਜ਼ਰਾਈਲੀ ਫੌਜ ਮੁਤਾਬਕ ਇਸ ਕਾਰਵਾਈ ਵਿਚ ਉਸ ਦੇ 50 ਲੜਾਕੂ ਜਹਾਜ਼ਾਂ ਨੇ ਹਿੱਸਾ ਲਿਆ। ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਬੰਕਰ ਤਹਿਰਾਨ ਦੇ ਸੈਂਟਰਲ ਹਿੱਸੇ ਵਿਚ ਕਈ ਸੜਕਾਂ ਦੇ ਹੇਠਾਂ ਤੱਕ ਫੈਲਿਆ ਹੋਇਆ ਸੀ ਅਤੇ ਇਸ ਵਿਚ ਮੀਟਿੰਗ ਹਾਲ ਸਮੇਤ ਕਈ ਕਮਰੇ ਬਣੇ ਹੋਏ ਸਨ। ਇਜ਼ਰਾਈਲ ਦਾ ਦਾਅਵਾ ਹੈ ਕਿ ਅਯਾਤੁੱਲਾ ਅਲੀ ਖਾਮੇਨੇਈ ਦੀ ਮੌਤ ਤੋਂ ਬਾਅਦ ਵੀ ਈਰਾਨ ਦੇ ਸੀਨੀਅਰ ਸਰਕਾਰੀ ਅਧਿਕਾਰੀ ਇਸ ਕੰਪਲੈਕਸ ਦੀ ਵਰਤੋਂ ਕਰਦੇ ਰਹੇ ਸਨ।

ਇਜ਼ਰਾਈਲੀ ਹਮਲਿਆਂ ਕਾਰਨ ਲਿਬਨਾਨ 'ਚ 5 ਲੱਖ ਲੋਕ ਬੇਘਰ

ਇਜ਼ਰਾਈਲੀ ਫੌਜ ਨੇ ਕਿਹਾ ਹੈ ਕਿ ਉਸ ਨੇ ਬੈਰੂਤ ਵਿਚ ਹਿਜ਼ਬੁੱਲਾ ਦੇ ਟਿਕਾਣਿਆਂ 'ਤੇ ਹਮਲਾ ਕੀਤਾ। ਫੌਜ ਦੇ ਅਨੁਸਾਰ, ਇਨ੍ਹਾਂ ਹਮਲਿਆਂ ਵਿਚ ਹਿਜ਼ਬੁੱਲਾ ਨਾਲ ਜੁੜੇ ਦਫਤਰਾਂ ਅਤੇ 10 ਉੱਚੀਆਂ ਇਮਾਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿੱਥੇ ਉਨ੍ਹਾਂ ਦੇ ਫੌਜੀ ਟਿਕਾਣੇ ਸਨ। ਫੌਜ ਮੁਤਾਬਕ, ਹੁਣ ਤੱਕ ਲਿਬਨਾਨ ਵਿਚ ਕਰੀਬ 5 ਲੱਖ ਲੋਕ ਆਪਣੇ ਘਰ ਛੱਡਣ ਲਈ ਮਜਬੂਰ ਹੋ ਚੁੱਕੇ ਹਨ। ਫੌਜ ਨੇ ਦੱਸਿਆ ਕਿ ਇਕ ਅਜਿਹੇ ਹੈੱਡਕੁਆਰਟਰ 'ਤੇ ਵੀ ਹਮਲਾ ਕੀਤਾ ਗਿਆ ਜੋ ਹਿਜ਼ਬੁੱਲਾ ਦੀ ਕਾਰਜਕਾਰੀ ਕੌਂਸਲ ਨਾਲ ਜੁੜਿਆ ਸੀ। ਇਸ ਤੋਂ ਇਲਾਵਾ ਇਕ ਗੋਦਾਮ ਨੂੰ ਵੀ ਨਿਸ਼ਾਨਾ ਬਣਾਇਆ ਗਿਆ, ਜਿੱਥੇ ਡਰੋਨ ਰੱਖੇ ਹੋਏ ਸਨ ਅਤੇ ਜਿਨ੍ਹਾਂ ਦੀ ਵਰਤੋਂ ਇਜ਼ਰਾਈਲ 'ਤੇ ਹਮਲੇ ਲਈ ਕੀਤੀ ਜਾਂਦੀ ਸੀ।

ਮਿਊਂਸੀਪਲ ਕਾਰਪੋਰੇਸ਼ਨ ਚੰਡੀਗੜ੍ਹ

ਟੈਂਡਰ ਨੋਟਿਸ

ਲੜੀ ਨੰ.	ਕੰਮ ਦਾ ਨਾਂ	ਬੋਲੀ ਪੇਸ਼ ਕਰਨ ਦਾ ਸ਼ਡਿਊਲ (ਆਨਲਾਈਨ)	ਤਕਨੀਕੀ ਬੋਲੀ ਖੁੱਲ੍ਹਣੀ (ਆਨਲਾਈਨ)
	ਕਾਰਜਕਾਰੀ ਇੰਜੀਨੀਅਰ-ਰੋਡਸ ਡਵੀਜ਼ਨ ਨੰ. 2		
1.	ਸੈਕਟਰ 46-ਏ, ਬੀ, ਸੀ ਤੇ ਡੀ, ਚੰਡੀਗੜ੍ਹ 'ਚ ਵੀ-5 ਰੋਡ 'ਤੇ ਮੌਜੂਦਾ ਪੇਵਰ ਬਲਾਕ ਦੀ ਭੰਨ-ਤੋੜ ਤੋਂ ਬਾਅਦ ਪੇਵਰ ਬਲਾਕ ਪੇਵਮੈਂਟ ਦਾ ਮੁੜ-ਨਿਰਮਾਣ। ਅੰਦਾਜ਼ਨ ਲਾਗਤ : 94.87 ਲੱਖ ਰੁਪਏ ਰਕਮ ਬਿਆਨਾ : 1,89,736 ਰੁਪਏ ਸਮਾਂ-ਹੱਦ : 6 ਮਹੀਨੇ	09.03.2026 ਤੋਂ 16.03.2026 ਦੁਪਹਿਰ 12 ਵਜੇ ਤਕ	16.03.2026 ਦੁਪਹਿਰ 12 ਵਜੇ
2.	ਚੰਡੀਗੜ੍ਹ ਵਿਖੇ ਟੈਰਟੀਅਰੀ ਟ੍ਰੀਟਿਡ ਵਾਟਰ ਸਪਲਾਈ ਸਿਸਟਮ ਦੀ ਮਜ਼ਬੂਤੀ ਦੇ ਕੰਮ ਲਈ ਰੋਡਜ਼ ਡਵੀਜ਼ਨ ਨੰ. 2 ਦੇ ਅਧਿਕਾਰ ਖੇਤਰ 'ਚ ਪੀ. ਐੱਚ. ਵਿੰਗ ਵੱਲੋਂ ਤਿਆਰ ਰੋਡ ਕੱਟ ਦੀ ਮੁਰੰਮਤ ਅਤੇ ਰਹਿ ਗਏ ਖੇਤਰ 'ਚ ਟੈਰਟੀਅਰੀ ਟ੍ਰੀਟਿਡ ਵਾਟਰ ਦੀ ਸਪਲਾਈ ਲਈ ਟੀ. ਟੀ. ਵਾਟਰ ਲਾਈਨਾਂ ਨੂੰ ਵਿਛਾਉਣਾ। (ਸੀ. ਐੱਚ. ਟੂ : ਅਮਰੁਤ 2.0) ਅੰਦਾਜ਼ਨ ਲਾਗਤ : 111.83 ਲੱਖ ਰੁਪਏ ਰਕਮ ਬਿਆਨਾ : 2,23,657 ਰੁਪਏ ਸਮਾਂ-ਹੱਦ : 6 ਮਹੀਨੇ	09.03.2026 ਤੋਂ 16.03.2026 ਦੁਪਹਿਰ 12 ਵਜੇ ਤਕ	16.03.2026 ਦੁਪਹਿਰ 12 ਵਜੇ
3.	ਇੰਦਰਾ ਕਾਲੋਨੀ, ਮਨੀਮਾਜਰਾ, ਚੰਡੀਗੜ੍ਹ ਦੀ ਅੰਦਰੂਨੀ ਗਲੀ 'ਚ ਪੈਦਲ ਚੱਲਣ ਵਾਲੇ ਰਸਤੇ ਦਾ ਮੁੜ-ਨਿਰਮਾਣ। ਅੰਦਾਜ਼ਨ ਲਾਗਤ : 77.67 ਲੱਖ ਰੁਪਏ ਰਕਮ ਬਿਆਨਾ : 1,55,331 ਰੁਪਏ ਸਮਾਂ-ਹੱਦ : 6 ਮਹੀਨੇ	09.03.2026 ਤੋਂ 16.03.2026 ਦੁਪਹਿਰ 12 ਵਜੇ ਤਕ	16.03.2026 ਦੁਪਹਿਰ 12 ਵਜੇ

ਨੋਟ : ਹੋਰ ਸਾਰੇ ਨਿਯਮ ਤੇ ਸ਼ਰਤਾਂ ਅਤੇ ਮੁਕੰਮਲ ਡੀ. ਐੱਨ. ਆਈ. ਟੀ. ਵੈੱਬਸਾਈਟ https://etenders.chd.nic.in 'ਤੇ ਅਪਲੋਡ ਕੀਤੇ ਗਏ ਹਨ।

ਕਾਰਜਕਾਰੀ ਇੰਜੀਨੀਅਰ
ਰੋਡਜ਼ ਡਵੀਜ਼ਨ ਨੰ. 2, ਕਮਰਾ ਨੰ. 304, ਐੱਮ. ਸੀ. ਚੰਡੀਗੜ੍ਹ

ਮੱਧ-ਪੂਰਬ 'ਚ ਵਧਦੇ ਤਣਾਅ ਦੇ ਵਿਚਾਲੇ ਦੁਬਈ ਦੇ ਬੇਹੱਦ ਗਰਮ ਮੰਨੇ ਜਾਣ ਵਾਲੇ ਪ੍ਰਾਪਰਟੀ ਬਾਜ਼ਾਰ 'ਤੇ ਉੱਠੇ ਸਵਾਲ

ਕੀ ਦੁਬਈ ਵਿਚ ਉਥਲ-ਪੁਥਲ ਦੌਰਾਨ ਪੂਰੀ ਤਰ੍ਹਾਂ ਰੱਦ ਹੋ ਜਾਣਗੇ ਪ੍ਰਾਪਰਟੀ ਦੇ ਸੌਦੇ ?

ਮੁੰਬਈ/ਦੁਬਈ, 6 ਮਾਰਚ (ਇੰਟ.)–ਮੱਧ-ਪੂਰਬ ਵਿਚ ਵਧਦੇ ਤਣਾਅ ਦੇ ਵਿਚਾਲੇ ਹੁਣ ਦੁਬਈ ਦੇ ਬੇਹੱਦ ਗਰਮ ਮੰਨੇ ਜਾਣ ਵਾਲੇ ਪ੍ਰਾਪਰਟੀ ਬਾਜ਼ਾਰ ਨੂੰ ਲੈ ਕੇ ਵੀ ਸਵਾਲ ਉੱਠਣ ਲੱਗੇ ਹਨ। ਦੱਖਣੀ ਮੁੰਬਈ ਦੇ ਡਰਾਇੰਗ ਰੂਮਾਂ, ਇਫ਼ਤਾਰ ਪਾਰਟੀਆਂ ਅਤੇ ਵਕੀਲਾਂ ਦੇ ਦਫ਼ਤਰਾਂ ਵਿਚ ਇਹ ਚਰਚਾ ਤੇਜ਼ ਹੈ ਕਿ ਕੀ ਉੱਚੇ ਕਿਰਾਏ ਅਤੇ ਤੇਜ਼ੀ ਨਾਲ ਵਧਦੀਆਂ ਕੀਮਤਾਂ ਵਾਲਾ ਦੁਬਈ ਦਾ ਰੀਅਲ ਅਸਟੇਟ ਬਾਜ਼ਾਰ ਆਖਿਰਕਾਰ ਨਰਮ ਪੈਣ ਲੱਗਾ ਹੈ। ਹਾਲਾਂਕਿ ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਦੁਬਈ ਵਿਚ ਸੰਕਟ ਜਾਂ ਵਿਸ਼ਵਵਿਆਪੀ ਉਥਲ-ਪੁਥਲ ਦੌਰਾਨ ਆਮ ਤੌਰ 'ਤੇ ਪ੍ਰਾਪਰਟੀ ਸੌਦੇ ਪੂਰੀ ਤਰ੍ਹਾਂ ਰੱਦ ਨਹੀਂ ਹੁੰਦੇ, ਸਗੋਂ ਕੁਝ ਸਮੇਂ ਲਈ ਟਲ ਜਾਂਦੇ ਹਨ। ਜਿਵੇਂ ਹੀ ਸਥਿਤੀ ਸਪੱਸ਼ਟ ਹੁੰਦੀ ਹੈ, ਬਾਜ਼ਾਰ ਵਿਚ ਗਤੀਵਿਧੀ ਫਿਰ ਤੇਜ਼ ਹੋ ਜਾਂਦੀ ਹੈ।



ਲਗਜ਼ਰੀ ਵਿਲਾ ਦੀਆਂ ਕੀਮਤਾਂ 'ਚ ਗਿਰਾਵਟ ਦੇ ਸੰਕੇਤ

ਮਾਹਿਰਾਂ ਅਨੁਸਾਰ ਬਾਜ਼ਾਰ ਵਿਚ ਪਹਿਲੀ ਵਾਰ ਇਹ ਸਵਾਲ ਉੱਠ ਰਿਹਾ ਹੈ ਕਿ ਕੀ ਲਗਜ਼ਰੀ ਵਿਲਾ ਦੀਆਂ ਕੀਮਤਾਂ ਵਿਚ ਗਿਰਾਵਟ ਸ਼ੁਰੂ ਹੋ ਸਕਦੀ ਹੈ। ਮਹਾਮਾਰੀ ਤੋਂ ਬਾਅਦ ਵੱਡੀ ਗਿਣਤੀ ਵਿਚ ਅਮੀਰ ਭਾਰਤੀਆਂ ਨੇ ਦੁਬਈ ਵਿਚ ਰਿਹਾਇਸ਼ ਲੈਣ ਲਈ ਮਾਲਟਾ, ਸਾਈਪ੍ਰਸ ਜਾਂ ਕੈਰੇਬੀਆਈ ਦੇਸ਼ਾਂ ਦੀ ਨਾਗਰਿਕਤਾ ਤੱਕ ਖਰੀਦੀ ਸੀ ਅਤੇ ਭਾਰਤ ਦਾ ਪਾਸਪੋਰਟ ਸਰੈਂਡਰ ਕਰ ਦਿੱਤਾ ਸੀ। ਹੁਣ ਇਹ ਦੇਖਣਾ ਹੋਵੇਗਾ ਕਿ ਹਾਲੀਆ ਹਾਲਾਤ ਅਜਿਹੇ ਫੈਸਲਿਆਂ ਨੂੰ ਕਿੰਨਾ ਪ੍ਰਭਾਵਿਤ ਕਰਦੇ ਹਨ।

ਡਿਵੈੱਲਪਰ ਦੇ ਸਕਦੇ ਹਨ ਛੋਟ

ਨਿਸਸ ਫਾਈਨੈਂਸ ਦੇ ਸੀ.ਐੱਮ.ਡੀ. ਅਮਿਤ ਗੋਇਨਕਾ ਦੇ ਅਨੁਸਾਰ ਜੇਕਰ ਬਾਜ਼ਾਰ ਵਿਚ ਅਨਿਸ਼ਚਿਤਤਾ ਬਣੀ ਰਹਿੰਦੀ ਹੈ, ਤਾਂ ਡਿਵੈੱਲਪਰ ਛੋਟ ਦੀ ਪੇਸ਼ਕਸ਼ ਕਰ ਸਕਦੇ ਹਨ ਅਤੇ ਨਿਵੇਸ਼ਕਾਂ ਨੂੰ ਬਿਹਤਰ ਮੁਲਾਂਕਣ 'ਤੇ ਐਂਟਰੀ ਦਾ ਮੌਕਾ ਮਿਲ ਸਕਦਾ ਹੈ। ਹਾਲਾਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਕਈ ਡਿਵੈੱਲਪਰਜ਼ ਇਨਵੈਂਟਰੀ ਰੋਕ ਕੇ ਵੀ ਬਾਜ਼ਾਰ ਦੇ ਸਥਿਰ ਹੋਣ ਦਾ ਇੰਤਜ਼ਾਰ ਕਰ ਸਕਦੇ ਹਨ। ਜੇਕਰ ਮੰਦੀ ਲੰਬੀ ਚੱਲੀ ਤਾਂ ਆਕਰਸ਼ਕ ਸੌਦੇ ਸਾਹਮਣੇ ਆ ਸਕਦੇ ਹਨ।

'ਆਫ-ਪਲਾਨ' ਵਿਕਰੀ 'ਤੇ ਸਭ ਤੋਂ ਜ਼ਿਆਦਾ ਅਸਰ

ਪ੍ਰਾਪਰਟੀ ਸਲਾਹਕਾਰ ਐਨਾਰਾਕ ਦੇ ਖੋਜ ਮੁਖੀ ਪ੍ਰਸ਼ਾਂਤ ਠਾਕੁਰ ਦੇ ਅਨੁਸਾਰ ਅਜਿਹੇ ਸਮੇਂ ਵਿਚ ਨਿਰਮਾਣ ਤੋਂ ਪਹਿਲਾਂ ਜਾਂ ਨਿਰਮਾਣ ਦੇ ਦੌਰਾਨ ਹੋਣ ਵਾਲੀ 'ਆਫ-ਪਲਾਨ' ਵਿਕਰੀ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੀ ਹੈ। ਦੁਬਈ ਅਤੇ ਆਬੂ ਧਾਬੀ 'ਚ ਸੰਕਟਪੂਰਨ ਸੌਦਿਆਂ 'ਤੇ ਨਜ਼ਰ ਰੱਖਣ ਵਾਲੇ ਇਕ ਪਲੇਟਫਾਰਮ ਨੇ ਦਾਅਵਾ ਕੀਤਾ ਹੈ ਕਿ ਕੁਝ ਉੱਚ-ਪੱਧਰੀ ਜਾਇਦਾਦਾਂ ਦੀਆਂ ਕੀਮਤਾਂ 10 ਤੋਂ 20 ਫੀਸਦੀ ਤੱਕ ਡਿੱਗ ਚੁੱਕੀਆਂ ਹਨ।

ਕਦੋਂ ਤੱਕ ਪੂਰੇ ਹੋ ਸਕਣਗੇ ਰੁਕੇ ਹੋਏ ਸੌਦੇ

ਐਨਾਰਾਕ ਗਰੁੱਪ ਦੇ ਮੱਧ-ਪੂਰਬ ਅਤੇ ਉੱਤਰੀ ਅਫਰੀਕਾ ਖੇਤਰ ਦੇ ਮੈਨੇਜਿੰਗ ਡਾਇਰੈਕਟਰ ਮੋਰਗਨ ਓਵੇਨ ਦੇ ਅਨੁਸਾਰ, ਜੇ ਵਿਸ਼ਵਵਿਆਪੀ ਆਰਥਿਕ ਅਤੇ ਭੂ-ਰਾਜਨੀਤਿਕ ਅਨਿਸ਼ਚਿਤਤਾ ਅਗਲੇ ਚਾਰ ਤੋਂ ਅੱਠ ਹਫ਼ਤਿਆਂ ਤੱਕ ਬਣੀ ਰਹਿੰਦੀ ਹੈ, ਪਰ ਸਥਾਨਕ ਪੱਧਰ 'ਤੇ ਰੁਜ਼ਗਾਰ, ਕਰਜ਼ੇ ਦੀ ਉਪਲੱਬਧਤਾ ਅਤੇ ਉਡਾਣਾਂ ਦੀ ਕੁਨੈਕਟੀਵਿਟੀ ਮਜ਼ਬੂਤ ਰਹਿੰਦੀ ਹੈ, ਤਾਂ ਫਿਲਹਾਲ ਰੁਕੇ ਹੋਏ 60 ਤੋਂ 80 ਫੀਸਦੀ ਪ੍ਰਾਪਰਟੀ ਸੌਦੇ ਅਗਲੀ ਤਿਮਾਹੀ ਵਿਚ ਪੂਰੇ ਹੋ ਸਕਦੇ ਹਨ।

ਹਾਲਾਂਕਿ, ਇਨ੍ਹਾਂ 'ਚੋਂ ਕੁਝ ਸੌਦਿਆਂ ਵਿਚ ਕੀਮਤਾਂ ਦਾ ਮੁੜ-ਨਿਰਧਾਰਨ ਜਾਂ ਸੌਦੇ ਦੇ ਢਾਂਚੇ ਵਿਚ ਬਦਲਾਅ ਸੰਭਵ ਹੈ। ਕੁਝ ਪਰਿਵਾਰ ਭਾਰਤ ਵਾਪਸ ਆਉਣ ਬਾਰੇ ਵਿਚਾਰ ਕਰ ਰਹੇ ਚਾਰਟਰਡ ਅਕਾਊਂਟੈਂਟ ਹਰਸ਼ਲ ਭੁਤਾ ਦੇ ਅਨੁਸਾਰ, ਹਾਲ ਹੀ ਦੇ ਦਿਨਾਂ ਵਿਚ ਕੁਝ ਭਾਰਤੀ ਪਰਿਵਾਰਾਂ ਨੇ ਭਾਰਤ ਵਾਪਸ ਪਰਤਣ ਅਤੇ ਆਪਣੀ ਪੂੰਜੀ ਦਾ ਹਿੱਸਾ ਗਿਫਟ ਸਿਟੀ ਦੇ ਵਿਦੇਸ਼ੀ ਮੁਦਰਾ ਖਾਤਿਆਂ ਵਿਚ ਰੱਖਣ ਦੀ ਸੰਭਾਵਨਾ ਬਾਰੇ ਪੁੱਛਗਿੱਛ ਕੀਤੀ ਹੈ। ਹਾਲਾਂਕਿ, ਉਨ੍ਹਾਂ ਕਿਹਾ ਕਿ ਇਹ ਫੈਸਲਾ ਆਸਾਨ ਨਹੀਂ ਹੈ, ਕਿਉਂਕਿ ਕਈ ਪਰਿਵਾਰ ਦੁਬਈ ਵਿਚ ਹੀ ਰਿਟਾਇਰਮੈਂਟ ਦੀ ਯੋਜਨਾ ਬਣਾ ਚੁੱਕੇ ਹਨ ਅਤੇ ਉਨ੍ਹਾਂ ਕੋਲ ਵੱਡੀ ਮਾਤਰਾ ਵਿਚ ਸੋਨਾ ਵੀ ਹੈ।

ਭਾਰਤੀ ਖਰੀਦਦਾਰਾਂ ਵਿਚ ਸੌਦੇ ਦੁਬਾਰਾ ਤੈਅ ਕਰਨ ਦੀ ਚਰਚਾ

ਲਾਅ ਫਰਮ ਖੇਤਾਨ ਐਂਡ ਕੰਪਨੀ ਦੇ ਪਾਰਟਨਰ ਮੋਇਨ ਲਧਾ ਦਾ ਮੰਨਣਾ ਹੈ ਕਿ ਕੁਝ ਭਾਰਤੀ ਖਰੀਦਦਾਰ ਬਿਹਤਰ ਸੌਦਾ ਪਾਉਣ ਲਈ ਆਪਣੇ ਪ੍ਰਾਪਰਟੀ ਸਮਝੌਤਿਆਂ 'ਤੇ ਫਿਰ ਤੋਂ ਗੱਲਬਾਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਅਨਿਸ਼ਚਿਤਤਾ ਅਕਸਰ ਨਵੇਂ ਮੌਕੇ ਵੀ ਪੈਦਾ ਕਰਦੀ ਹੈ ਅਤੇ ਕੁਝ ਨਿਵੇਸ਼ਕ ਸੰਕਟ ਦੇ ਸਮੇਂ ਮਿਲਣ ਵਾਲੇ ਮੌਕਿਆਂ ਦੀ ਭਾਲ ਵੀ ਕਰ ਸਕਦੇ ਹਨ। ਹਾਲਾਂਕਿ ਉਨ੍ਹਾਂ ਇਹ ਵੀ ਯਾਦ ਦਿਵਾਇਆ ਕਿ ਵਿਦੇਸ਼ ਵਿਚ ਜਾਇਦਾਦ ਖਰੀਦਣਾ ਭਾਰਤ ਦੀ ਉਦਾਰੀਕਰਨ ਰੈਮੀਟੈਂਸ ਯੋਜਨਾ (ਐੱਲ.ਆਰ.ਐੱਸ.) ਦੇ ਨਿਯਮਾਂ ਦੇ ਅਧੀਨ ਹੈ, ਜਿਸ ਵਿਚ ਸਾਲਾਨਾ ਰਕਮ ਭੇਜਣ ਦੀ ਹੱਦ ਤੈਅ ਹੈ ਅਤੇ ਕਰਜ਼ਾ ਲੈ ਕੇ ਨਿਵੇਸ਼ ਕਰਨ ਦੀ ਇਜਾਜ਼ਤ ਨਹੀਂ ਹੈ।

ਦੁਬਈ ਰੀਅਲ ਅਸਟੇਟ ਵਿਚ ਭਾਰਤੀਆਂ ਦੀ ਵੱਡੀ ਹਿੱਸੇਦਾਰੀ

2025 ਵਿਚ ਦੁਬਈ ਵਿਚ ਲੱਗਭਗ 250 ਅਰਬ ਡਾਲਰ ਦੇ ਰੀਅਲ ਅਸਟੇਟ ਲੈਣ-ਦੇਣ ਦਰਜ ਕੀਤੇ ਗਏ, ਜੋ ਹੁਣ ਤੱਕ ਦਾ ਸਭ ਤੋਂ ਵੱਡਾ ਅੰਕੜਾ ਹੈ। ਇਸ ਵਿਚ ਭਾਰਤੀ ਖਰੀਦਦਾਰਾਂ ਦੀ ਹਿੱਸੇਦਾਰੀ ਲੱਗਭਗ 20 ਤੋਂ 22 ਫੀਸਦੀ ਰਹੀ। ਨਿਵੇਸ਼ਕਾਂ ਲਈ 6 ਤੋਂ 9 ਫੀਸਦੀ ਤੱਕ ਕਿਰਾਏ ਦੀ ਆਮਦਨ ਦੇ ਨਾਲ-ਨਾਲ ਇਹ ਰੁਪਏ ਦੀ ਕੀਮਤ ਵਿਚ ਗਿਰਾਵਟ ਤੋਂ ਬਚਾਅ ਦਾ ਵੀ ਇਕ ਜ਼ਰੀਆ ਮੰਨਿਆ ਜਾਂਦਾ ਰਿਹਾ ਹੈ। ਹਾਲ ਹੀ ਵਿਚ ਇਕ ਪ੍ਰਮੁੱਖ ਬਿਲਡਰ ਨੇ ਰਮਜ਼ਾਨ ਆਫਰ ਦੇ ਤਹਿਤ ਅਜਿਹੀ ਯੋਜਨਾ ਵੀ ਪੇਸ਼ ਕੀਤੀ ਸੀ ਜਿਸ ਵਿਚ ਖਰੀਦਦਾਰ ਹਰ ਮਹੀਨੇ ਸਿਰਫ ਅੱਧਾ ਫੀਸਦੀ ਭੁਗਤਾਨ ਕਰ ਸਕਦੇ ਸਨ।

ਈਰਾਨ ਸਕੂਲ ਹਮਲੇ ਦੀ ਜਲਦ ਜਾਂਚ ਹੋਵੇ : ਸੰਯੁਕਤ ਰਾਸ਼ਟਰ

ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਮੁਖੀ ਵੋਲਕਰ ਤੁਰਕ ਨੇ ਈਰਾਨ ਦੇ ਗਰਲਜ਼ ਸਕੂਲ 'ਤੇ ਹੋਏ ਹਮਲੇ ਦੀ ਜਲਦ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਇਸ ਹਮਲੇ 'ਚ 150 ਸਕੂਲੀ ਬੱਚੀਆਂ ਸਮੇਤ 175 ਲੋਕਾਂ ਦੀ ਮੌਤ ਹੋਈ ਸੀ। ਤੁਰਕ ਨੇ ਜੈਨੇਵਾ 'ਚ ਪੱਤਰਕਾਰਾਂ ਨੂੰ ਕਿਹਾ ਕਿ ਇਸ ਹਮਲੇ ਦੀ ਜਲਦ, ਪਾਰਦਰਸ਼ੀ ਤੇ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਅਮਰੀਕਾ ਨੇ ਇਸ ਮਾਮਲੇ 'ਚ ਜਾਂਚ ਦਾ ਐਲਾਨ ਕੀਤਾ ਹੈ ਤੇ ਇਸ ਨੂੰ ਬਹੁਤ ਤੇਜ਼ੀ ਨਾਲ ਪੂਰਾ ਕਰਨਾ ਜ਼ਰੂਰੀ ਹੈ। ਜਾਂਚ ਦੇ ਨਾਲ-ਨਾਲ ਜ਼ਿੰਮੇਵਾਰ ਲੋਕਾਂ ਦੀ ਜਵਾਬਦੇਹੀ ਤੈਅ ਹੋਣੀ ਵੀ ਜ਼ਰੂਰੀ ਹੈ। ਇਸ ਦੇ ਨਾਲ ਹੀ ਪੀੜਤਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਣਦਾ ਨਿਆਂ ਤੇ ਮੁਆਵਜ਼ਾ ਮਿਲਣਾ ਚਾਹੀਦਾ ਹੈ। ਅਮਰੀਕੀ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਕਿਹਾ ਹੈ ਕਿ ਈਰਾਨ ਦੇ ਮਿਨਾਬ 'ਚ ਹੋਏ ਇਸ ਹਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਅਮਰੀਕਾ-ਇਜ਼ਰਾਈਲ ਹਮਲੇ 'ਚ ਈਰਾਨ ਦੇ 3000 ਘਰ ਤਬਾਹ

ਈਰਾਨ ਦੀ ਰੈੱਡ ਕ੍ਰਿਸੈਂਟ ਸੁਸਾਇਟੀ ਮੁਤਾਬਕ ਅਮਰੀਕਾ ਤੇ ਇਜ਼ਰਾਈਲ ਦੇ ਹਮਲਿਆਂ ਨਾਲ ਦੇਸ਼ ਭਰ ਵਿਚ 3000 ਤੋਂ ਵੱਧ ਘਰਾਂ ਤੇ ਲੱਗਭਗ 500 ਦੁਕਾਨਾਂ ਨੂੰ ਨੁਕਸਾਨ ਪਹੁੰਚਿਆ ਹੈ। ਇਨ੍ਹਾਂ ਹਮਲਿਆਂ ਦਾ ਸਭ ਤੋਂ ਵੱਧ ਅਸਰ ਰਾਜਧਾਨੀ ਤਹਿਰਾਨ ਵਿਚ ਹੋਇਆ ਹੈ। ਸੰਸਥਾ ਮੁਤਾਬਕ 14 ਹਸਪਤਾਲ ਅਤੇ ਮੈਡੀਸਨ ਸੈਂਟਰ ਵੀ ਹਮਲਿਆਂ 'ਚ ਨੁਕਸਾਨੇ ਗਏ ਹਨ। ਇਸ ਜੰਗ 'ਚ ਹੁਣ ਤੱਕ ਈਰਾਨ ਦੇ 1300 ਤੋਂ ਵੱਧ ਲੋਕ ਮਾਰੇ ਗਏ ਹਨ। ਇਜ਼ਰਾਈਲੀ ਮੀਡੀਆ ਮੁਤਾਬਕ ਇਜ਼ਰਾਈਲੀ ਹਮਲੇ 'ਚ ਲੱਗਭਗ 300 ਈਰਾਨੀ ਮਿਜ਼ਾਈਲ ਲਾਂਚਰ ਤਬਾਹ ਹੋ ਗਏ ਹਨ। ਜੰਗ ਕਾਰਨ ਦੇਸ਼ ਦੇ ਜ਼ਿਆਦਾਤਰ ਹਿੱਸਿਆਂ 'ਚ ਬਿਜਲੀ ਤੇ ਪਾਣੀ ਦੀ ਸਪਲਾਈ ਠੱਪ ਹੋ ਗਈ ਹੈ।

ਮਿਊਂਸੀਪਲ ਕਾਰਪੋਰੇਸ਼ਨ ਚੰਡੀਗੜ੍ਹ

ਟੈਂਡਰ ਨੋਟਿਸ

ਲੜੀ ਨੰ.	ਕੰਮ ਦਾ ਨਾਂ	ਬੋਲੀ ਪੇਸ਼ ਕਰਨ ਦਾ ਸ਼ਡਿਊਲ (ਆਨਲਾਈਨ)	ਤਕਨੀਕੀ ਬੋਲੀ ਖੁੱਲ੍ਹਣੀ (ਆਨਲਾਈਨ)
	ਕਾਰਜਕਾਰੀ ਇੰਜੀਨੀਅਰ-ਹਾਰਟੀਕਲਚਰ ਡਵੀਜ਼ਨ ਨੰ. 2		
1.	ਵਾਰਡ ਵਿਕਾਸ ਫੰਡ ਤਹਿਤ ਵਿਕਾਸ ਨਗਰ ਤੇ ਮੌਲੀ ਜਾਗਰਾਂ, ਚੰਡੀਗੜ੍ਹ ਦੇ ਵੱਖ-ਵੱਖ ਪਾਰਕਾਂ 'ਚ ਮੌਜੂਦਾ ਐੱਮ. ਐੱਸ. ਫਲੈਟ ਰੇਲਿੰਗ ਹੇਠ ਟੋਅ ਵਾਲ ਦਾ ਨਿਰਮਾਣ। ਰਕਮ : 8,61,371 ਰੁਪਏ ਸਮਾਂ-ਹੱਦ : 3 ਮਹੀਨੇ ਰਕਮ ਬਿਆਨਾ : 17,227 ਰੁਪਏ ਟੈਂਡਰ ਫੀਸ : 1,000 ਰੁਪਏ	06.03.2026 ਸ਼ਾਮ 5.30 ਵਜੇ ਤੋਂ 13.03.2026 ਬਾ. ਦੁ. 3 ਵਜੇ	13.03.2026 ਬਾ. ਦੁ. 3 ਵਜੇ
2.	ਵਾਰਡ ਵਿਕਾਸ ਫੰਡ ਤਹਿਤ ਡਾਰੀਆ, ਚੰਡੀਗੜ੍ਹ 'ਚ ਮਕਾਨ ਨੰ. 72 ਦੇ ਨੇੜੇ ਪਾਰਕ ਵਿਚ ਛੱਠ ਪੂਜਾ ਕਰਨ ਲਈ ਪਾਰਕ ਦਾ ਮੁੜ ਵਿਕਾਸ ਅਤੇ ਪੌਂਡ ਦਾ ਨਿਰਮਾਣ। ਰਕਮ : 7,63,452 ਰੁਪਏ ਸਮਾਂ-ਹੱਦ : 2 ਮਹੀਨੇ ਰਕਮ ਬਿਆਨਾ : 15,269 ਰੁਪਏ ਟੈਂਡਰ ਫੀਸ : 1,000 ਰੁਪਏ	06.03.2026 ਸ਼ਾਮ 5.30 ਵਜੇ ਤੋਂ 13.03.2026 ਬਾ. ਦੁ. 3 ਵਜੇ	13.03.2026 ਬਾ. ਦੁ. 3 ਵਜੇ
3.	ਵਾਰਡ ਵਿਕਾਸ ਫੰਡ ਤਹਿਤ ਮਾਰਕੀਟ, ਸੈਕਟਰ 47 ਸੀ ਤੇ ਡੀ, ਚੰਡੀਗੜ੍ਹ 'ਚ ਸਟੀਲ ਦੇ ਪਾਈਪ ਬੈਂਚ ਮੁਹੱਈਆ ਤੇ ਫਿਕਸ ਕਰਵਾਉਣੇ। ਰਕਮ : 5,46,750 ਰੁਪਏ ਸਮਾਂ-ਹੱਦ : 2 ਮਹੀਨੇ ਰਕਮ ਬਿਆਨਾ : 10,935 ਰੁਪਏ ਟੈਂਡਰ ਫੀਸ : 1,000 ਰੁਪਏ	06.03.2026 ਸ਼ਾਮ 5.30 ਵਜੇ ਤੋਂ 13.03.2026 ਬਾ. ਦੁ. 3 ਵਜੇ	13.03.2026 ਬਾ. ਦੁ. 3 ਵਜੇ
	ਕਾਰਜਕਾਰੀ ਇੰਜੀਨੀਅਰ-ਐੱਸ. ਡਬਲਯੂ. ਐੱਮ. ਡਵੀਜ਼ਨ ਐੱਮ. ਸੀ.		
4.	ਐੱਸ. ਡੀ. ਈ. ਐੱਮ. ਸੀ. ਪੀ. ਐੱਚ. ਸਬ-ਡਵੀਜ਼ਨ ਨੰ. 18, ਚੰਡੀਗੜ੍ਹ ਦੇ ਅਧਿਕਾਰ ਖੇਤਰ 'ਚ ਪੈਂਦੇ ਪਿੰਡ ਬੁੜੈਲ ਵਿਖੇ ਮਸ਼ੀਨੀਕ੍ਰਿਤ ਸਕਸ਼ਨ ਪੰਪ ਨਾਲ ਸੀਵਰੇਜ ਮੈਨਹੋਲ ਚੈਂਬਰ ਦੀ ਸਫਾਈ ਲਈ ਉੱਚ ਦਬਾਅ ਵਾਲੇ ਮਸ਼ੀਨੀਕ੍ਰਿਤ ਸਾਧਨਾਂ ਦੀ ਐਮਰਜੈਂਸੀ ਹਾਇਰਿੰਗ ਕਰਨੀ। (ਮੁੜ-ਸੱਦਾ) ਅੰਦਾਜ਼ਨ ਰਕਮ : 8,55,000 ਰੁਪਏ ਰਕਮ ਬਿਆਨਾ : 17,100 ਰੁਪਏ ਸਮਾਂ-ਹੱਦ : 180 ਦਿਨ ਟੈਂਡਰ ਫੀਸ : 1,000 ਰੁਪਏ	06.03.2026 ਬਾ. ਦੁ. 3 ਵਜੇ ਤੋਂ 11.03.2026 ਬਾ. ਦੁ. 3 ਵਜੇ	11.03.2026 ਬਾ. ਦੁ. 3.30 ਵਜੇ
	ਕਾਰਜਕਾਰੀ ਇੰਜੀਨੀਅਰ-ਇਲੈਕਟ੍ਰੀਕਲ ਡਵੀਜ਼ਨ		
5.	ਰੈਵੇਨਿਊ ਹੈੱਡ ਤਹਿਤ ਸੈਕਟਰ 34/44 ਤੇ 35/43, ਚੰਡੀਗੜ੍ਹ 'ਚ ਵੀ. 3 ਸੜਕਾਂ 'ਤੇ ਸਟ੍ਰੀਟ ਲਾਈਟ ਦੀ ਮੁਰੰਮਤ ਤੇ ਦੇਖ-ਰੇਖ। ਰਕਮ : 9,35,302 ਰੁਪਏ ਰਕਮ ਬਿਆਨਾ : 18,706 ਰੁਪਏ ਸਮਾਂ-ਹੱਦ : 30 ਦਿਨ	06.03.2026 ਤੋਂ 19.03.2026	19.03.2026 ਦੁਪਹਿਰ 12 ਵਜੇ
6.	ਇਲੈਕਟ੍ਰੀਫਿਕੇਸ਼ਨ ਹੈੱਡ ਤਹਿਤ ਸਬ-ਡਵੀਜ਼ਨ ਨੰ. 3, ਐੱਮ. ਸੀ., ਚੰਡੀਗੜ੍ਹ ਅਧੀਨ ਵੀ. 3 ਰੋਡ 46/49, 47/48 ਤੇ 45/50 'ਤੇ ਸਟ੍ਰੀਟ ਲਾਈਟਾਂ ਦਾ ਵਿਕਾਸ। ਰਕਮ : 46,32,843 ਰੁਪਏ ਰਕਮ ਬਿਆਨਾ : 92,657 ਰੁਪਏ ਸਮਾਂ-ਹੱਦ : 3 ਮਹੀਨੇ	06.03.2026 ਤੋਂ 19.03.2026	19.03.2026 ਦੁਪਹਿਰ 12 ਵਜੇ

ਨੋਟ : (1) ਵਿਸਤ੍ਰਿਤ ਨਿਯਮਾਂ ਤੇ ਸ਼ਰਤਾਂ ਸਮੇਤ ਟੈਂਡਰ ਨੋਟਿਸ ਵੈੱਬਸਾਈਟ www.chandigarh.gov.in ਜਾਂ etenders.chd.nic.in 'ਤੇ ਮੁਹੱਈਆ/ਅਪਲੋਡ ਹੈ।

ਕਾਰਜਕਾਰੀ ਇੰਜੀਨੀਅਰ
ਹਾਰਟੀਕਲਚਰ ਡਵੀਜ਼ਨ ਨੰ. 2, ਐੱਮ. ਸੀ. ਚੰਡੀਗੜ੍ਹ, ਐੱਸ. ਡਬਲਯੂ. ਐੱਮ. ਡਵੀਜ਼ਨ, ਕਮਰਾ ਨੰ. 612, 6ਵੀਂ ਮੰਜ਼ਿਲ, ਨਿਊ ਡੀਲਕਸ ਬਿਲਡਿੰਗ, ਐੱਮ. ਸੀ. ਸੈਕਟਰ-17, ਚੰਡੀਗੜ੍ਹ, ਈ-ਮੇਲ ਆਈ. ਡੀ. : mcc.swm2020@gmail.com ਅਤੇ ਇਲੈਕਟ੍ਰੀਕਲ ਡਵੀਜ਼ਨ, ਐੱਮ. ਸੀ., ਨਿਊ ਡੀਲਕਸ ਬਿਲਡਿੰਗ, ਕਮਰਾ ਨੰ. 402, ਸੈਕਟਰ-17, ਚੰਡੀਗੜ੍ਹ

pnb ਪੰਜਾਬ ਨੈਸ਼ਨਲ ਬੈਂਕ
...ਬਿਹਤਰੀ ਲਈ ਇਕਜੁੱਟ

ਐਸੇਟ ਰਿਕਵਰੀ ਮੈਨੇਜਮੈਂਟ ਬ੍ਰਾਂਚ, ਸਾਈਟ ਨੰ. 5, ਨੇੜੇ ਵੇਵ ਮਾਲ, ਫਿਰੋਜ਼ਪੁਰ ਰੋਡ, ਲੁਧਿਆਣਾ, ਈ-ਮੇਲ : cs4540@pnb.bank.in ਮੋ. : +91 93045 09813

ਈ-ਨਿਲਾਮੀ ਵਿਕਰੀ ਨੋਟਿਸ

ਚੱਲ/ਅਚੱਲ ਜਾਇਦਾਦ (ਾਂ) ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਪਬਲਿਕ ਨੋਟਿਸ
ਸਰਫੇਸੀ ਐਕਟ 2002 ਦੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ-6 ਤੇ 9 ਨਾਲ ਪੜ੍ਹੇ ਜਾਂਦੇ ਰੂਲ-9(1) ਤੇ 8(6) ਤਹਿਤ ਆਮ ਜਨਤਾ ਨੂੰ 15/30 ਦਿਨਾ ਵਿਧਾਨਕ ਵਿਕਰੀ ਨੋਟਿਸ

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਈਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਤੇ 9(1) ਦੇ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਜਨਤਾ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਨੂੰ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਦੱਸੀ ਚੱਲ/ਅਚੱਲ ਜਾਇਦਾਦ ਦਾ ਰਚਨਾਤਮਕ/ਦਸਤੀ/ਸੰਕੇਤਕ ਕਬਜ਼ਾ ਬੈਂਕ/ਸਕਿਓਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਦੱਸੀ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਜਮ੍ਹਾ ਦਾ ਵੇਰਵਾ ਹੇਠਾਂ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦਿੱਤਾ ਜਾਵੇਗਾ।

ਵਿਕਰੀ ਵੈੱਬਸਾਈਟ https://BAANKNET.com 'ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ 27.03.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 4.00 ਵਜੇ ਤਕ ਕੀਤੀ ਜਾਵੇਗੀ।

ਜਾਇਦਾਦਾਂ ਦੀ ਜਾਂਚ ਦੀ ਮਿਤੀ 07.03.2026 ਤੋਂ 26.03.2026 ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਹੈ।

ਪੋਰਟਲ https://BAANKNET.com 'ਤੇ ਈ. ਐੱਮ. ਡੀ. ਦੀ ਪੇਸ਼ਕਾਰੀ ਅਤੇ ਆਨਲਾਈਨ ਦਸਤਾਵੇਜ਼ਾਂ ਦੀ ਜਾਂਚ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਜ਼ਰੂਰ ਹੋ ਜਾਣੀ ਚਾਹੀਦੀ ਹੈ।

ਮੈਸਰਜ਼ ਪੀ. ਐੱਸ. ਬੀ. ਅਲਾਇੰਸ ਪ੍ਰਾ. ਲਿਮ., ਮੁੰਬਈ, ਪੋਰਟਲ ਹੈਲਪਡੈਸਕ ਨੰ. +91 82912 20220, ਈ-ਮੇਲ ਆਈ. ਡੀ. : support.BAANKNET@psballiance.com ਉਪਲਬਧਤਾ : ਨਿਲਾਮੀ ਦੀ ਪ੍ਰਕਿਰਿਆ, ਰਜਿਸਟ੍ਰੇਸ਼ਨ ਸਟੇਟਸ, ਤਕਨੀਕੀ ਸਹਾਇਤਾ ਆਦਿ ਲਈ ਮਾਰਗਦਰਸ਼ਨ ਸਾਰੇ ਕੰਮ ਵਾਲੇ ਦਿਨਾਂ ਨੂੰ ਸਵੇਰੇ 9 ਤੋਂ ਸ਼ਾਮ 5 ਵਜੇ ਤਕ।

ਸਕਿਓਰਡ ਅਸਾਮੀਆਂ ਦਾ ਵੇਰਵਾ

ਲੜੀ ਨੰ. / ਜਾਇਦਾਦ (ਾਂ) ਦੀ ਆਈ. ਡੀ. / ਡੀਲਿੰਗ ਅਧਿਕਾਰੀ ਦਾ ਨਾਂ / ਸੰਪਰਕ ਨੰਬਰ / ਅਕਾਊਂਟ ਦਾ ਨਾਂ ਤੇ ਪਤੇ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (ਾਂ) ਦੇ ਮਾਰਟਗੇਜਰ)	(ਏ) ਸਰਫੇਸੀ ਐਕਟ 2002 ਦੀ ਧਾਰਾ 13(2) ਅਧੀਨ ਡਿਮਾਂਡ ਨੋਟਿਸ ਦੀ ਮਿਤੀ / (ਬੀ) ਬਕਾਇਆ ਰਕਮ ਜਿਵੇਂ ਹੈ / (ਸੀ) ਸਰਫੇਸੀ ਐਕਟ 2002 ਦੀ ਧਾਰਾ 13/4 ਅਧੀਨ ਕਬਜ਼ੇ ਦੀ ਮਿਤੀ / (ਡੀ) ਕਬਜ਼ੇ ਦੀ ਕਿਸਮ	ਰਾਖਵੀਂ ਕੀਮਤ / ਈ. ਐੱਮ. ਡੀ. / ਬੋਲੀ ਵਾਧਾ ਰਾਸ਼ੀ	ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਕੋਈ ਭਾਰ ਨਹੀਂ।
1. PUNBABA508141472 / ਰਾਹੁਲ ਕੁਮਾਰ / 93045 09813 / (1) ਰਮੇਸ਼ ਚੰਦ ਠਾਕੁਰ ਪੁੱਤਰ ਧਨੀ ਰਾਮ ਠਾਕੁਰ (ਕਰਜ਼ਦਾਰ ਤੇ ਮਾਰਟਗੇਜਰ) ਮਕਾਨ ਨੰ. ਓਮੈਕਸ OCE/II/187A ਤੇ 187A1, ਨਿਊ ਚੰਡੀਗੜ੍ਹ, ਐੱਸ. ਏ. ਐੱਸ. ਨਗਰ (ਮੋਹਾਲੀ) ਪੰਜਾਬ-140901, (2) ਹਿਮਾਂਸ਼ੂ ਠਾਕੁਰ ਪੁੱਤਰ ਰਮੇਸ਼ ਚੰਦ ਠਾਕੁਰ (ਸਹਿ-ਕਰਜ਼ਦਾਰ ਤੇ ਮਾਰਟਗੇਜਰ) ਮਕਾਨ ਨੰ. ਓਮੈਕਸ OCE/II/187A ਤੇ 187A1, ਨਿਊ ਚੰਡੀਗੜ੍ਹ, ਐੱਸ. ਏ. ਐੱਸ. ਨਗਰ (ਮੋਹਾਲੀ) ਪੰਜਾਬ-140901।	ਪਲਾਟ 'ਤੇ ਰਿਹਾਇਸ਼ੀ ਮਕਾਨ ਨੰ. ਓਮੈਕਸ OCE/II/187A ਤੇ ਓਮੈਕਸ OCE/II/187A1, ਜਿਸ ਦਾ ਰਕਬਾ ਕ੍ਰਮਵਾਰ 341.13 ਵਰਗ ਗਜ਼ ਤੇ 333.86 ਵਰਗ ਗਜ਼ ਹੈ, ਜੋ ਕਿ ਨਿਊ ਚੰਡੀਗੜ੍ਹ, ਐੱਸ. ਏ. ਐੱਸ. ਨਗਰ ਮੋਹਾਲੀ-140901 ਵਿਚ ਸਥਿਤ ਹੈ। ਇਹ ਜਾਇਦਾਦ ਸਬ-ਰਜਿਸਟਰਾਰ ਮਾਜਰੀ ਦੇ ਦਫ਼ਤਰ 'ਚ ਰਮੇਸ਼ ਚੰਦ ਠਾਕੁਰ ਅਤੇ ਹਿਮਾਂਸ਼ੂ ਠਾਕੁਰ ਦੇ ਨਾਂ 'ਤੇ ਰਜਿਸਟਰਡ ਹੈ, ਜਿਸ ਦਾ ਵਿਕਰੀ ਡੀਡ ਵਸੀਕਾ ਨੰਬਰ 2021-22/16/1/2598 ਮਿਤੀ 20.09.2021 ਅਤੇ 2021-22/16/1/2599 ਮਿਤੀ 20.09.2021 ਹੈ।	28.04.2025 / 7,15,75,403.12 ਰੁਪਏ 21.04.2025 ਤੋਂ 31.03.2025 ਤਕ ਡੈਬਿਟ ਹੋਏ ਵਿਆਜ ਸਮੇਤ ਜਮ੍ਹਾ ਅਗਲਾ ਵਿਆਜ 01.04.2025 ਤੋਂ ਜਮ੍ਹਾ ਪੈਨਲ ਵਿਆਜ, ਕਾਨੂੰਨੀ ਤੇ ਹੋਰ ਚਾਰਜਿਜ਼ ਮਨਫੀ ਵਸੂਲੀ (ਜੇ ਕੋਈ ਹੋਵੇ)। / 14.07.2025 / ਸੰਕੇਤਕ ਕਬਜ਼ਾ	ਰੁ. 8,30,00,000/- / ਰੁ. 83,00,000/- / ਰੁ. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ

ਨਿਯਮ ਅਤੇ ਸ਼ਰਤਾਂ : 1. ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਨਿਯਮ 2002 'ਚ ਦਰਸਾਈਆਂ ਗਈਆਂ ਸ਼ਰਤਾਂ ਅਤੇ ਨਿਯਮਾਂ ਮੁਤਾਬਕ ਹੋਵੇਗੀ। ਨਾਲ ਹੀ ਹੇਠ ਲਿਖੀਆਂ ਸ਼ਰਤਾਂ ਮੁਤਾਬਕ ਵੀ ਇਹ ਹੋਵੇਗੀ। 2. ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿਥੇ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੋਵੇਗੀ। 3. ਸਕਿਓਰਡ ਐਸੇਟਸ ਦੇ ਜੋ ਵੇਰਵੇ ਉਪਰੋਕਤ ਸ਼ਡਿਊਲ 'ਚ ਦਿੱਤੇ ਗਏ ਹਨ, ਅਧਿਕਾਰਤ ਅਫਸਰ ਦੀ ਵੱਧ ਤੋਂ ਵੱਧ ਜਾਣਕਾਰੀ ਮੁਤਾਬਕ ਹਨ ਪਰ ਅਧਿਕਾਰਤ ਅਫਸਰ ਕਿਸੇ ਗਲਤੀ, ਗਲਤ ਬਿਆਨਬਾਜ਼ੀ ਜਾਂ ਐਲਾਨਨਾਮੇ 'ਚ ਕਿਸੇ ਕੋਤਾਹੀ ਲਈ ਜਵਾਬਦੇਹ ਨਹੀਂ ਹੋਵੇਗਾ। 4. ਵਿਕਰੀ ਨਿਮਨਹਸਤਾਖਰੀ ਵੱਲੋਂ ਵੈੱਬਸਾਈਟ https://BAANKNET.com 'ਤੇ ਦਿੱਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 27.03.2026 ਨੂੰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਕੀਤੀ ਜਾਵੇਗੀ। ਵਿਕਰੀ ਦੇ ਵਿਸਥਾਰਤ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ https://BAANKNET.com ਦਾ ਹਵਾਲਾ ਲਵੋ। 5. ਰਾਖਵੀਂ ਕੀਮਤ ਤੋਂ ਉੱਪਰ ਅਤੇ ਵੱਧ, ਘੱਟੋ-ਘੱਟ ਇਕ ਬੋਲੀ ਦੀ ਰਕਮ ਲਾਜ਼ਮੀ ਹੈ। ਬਕਾਇਆ ਚਾਰਜਿਜ਼/ਬਿਜਲੀ ਦਾ ਬਿੱਲ, ਹਾਊਸ ਟੈਕਸ ਆਦਿ ਨਿਲਾਮੀ ਖਰੀਦਦਾਰ ਵਲੋਂ ਸਹਿਣ ਕੀਤੇ ਜਾਣਗੇ।

ਸਰਫੇਸੀ ਐਕਟ, 2002 ਦੇ ਰੂਲ 9(1) ਤਹਿਤ ਵਿਧਾਨਕ ਵਿਕਰੀ ਨੋਟਿਸ

ਮਿਤੀ : 06.03.2026 ਸਥਾਨ : ਲੁਧਿਆਣਾ ਅਧਿਕਾਰਤ ਅਫਸਰ-ਪੰਜਾਬ ਨੈਸ਼ਨਲ ਬੈਂਕ (ਸਕਿਓਰਡ ਕ੍ਰੈਡਿਟਰ)